## ਚੋਣ ਸਰਗਰਮੀ

# ਲੋਕ ਫਤਵੇ ਦੀ ਲੋੜ

ਇਕ ਖ਼ਬਰ ਮੁਤਾਬਿਕ ਪ੍ਰਧਾਨ ਮੰਤਰੀ ਅਟਲ ਬਿਹਾਰੀ ਬਾਜਪਾਈ ਨੇ ਮੁਲਕ ਵਿਚ ਹੋ ਰਹੀਆਂ ਚੋਣਾਂ ਬਾਰੇ ਦਸਿਆ ਹੈ --

"ਕਿਉਂਕਿ ਦੇਸ਼ ਨੂੰ ਵਿਕਸਿਤ ਬਣਾਉਣ ਵਾਸਤੇ ਸੁਧਾਰਾਂ ਦੀ ਪ੍ਰਕਿਰਿਆ ਨੂੰ ਹੋਰ ਤੇਜ਼ ਕਰਨ ਲਈ ਲੋਕਾਂ ਕੋਲੋਂ ਨਵਾਂ ਫਤਵਾ ਲੈਣਾ ਬਹੁਤ ਜ਼ਰੂਰੀ ਸੀ ਜਿਸ ਕਾਰਨ ਚੋਣਾਂ ਸਮੇਂ ਤੋਂ ਕੁਝ ਪਹਿਲਾਂ ਕਰਾਈਆਂ ਜਾ ਰਹੀਆਂ ਹਨ। ਉਨ੍ਹਾਂ ਰੁਜ਼ਗਾਰ ਦੇ ਮੌਕੇ ਸਾਰੀ ਦੁਨੀਆ ਵਿਚ ਘਟਣ ਦਾ ਜ਼ਿਕਰ ਕਰਦਿਆਂ ਇਸ ਸਮੱਸਿਆ ਨਾਲ ਨਿਪਟਣ ਲਈ ਤਿੰਨ ਨੁਕਾਤੀ ਰਣ ਨੀਤੀ ਵੀ ਸੁਝਾਈ। ਸ੍ਰੀ ਵਾਜਪਾਈ `ਇੰਡੀਆ ਟੂਡੇ` ਵਲੋਂ ਕਰਾਏ ਜਾ ਰਹੇ ਦੋ ਦਿਨਾ ਸੰਮੇਲਨ `ਇੰਡੀਆ ਟੁਮਾਰੋ ੨੦੦੪' ਦਾ ਉਦਘਾਟਨ ਕਰਨ ਸਮੇਂ ਹਾਜ਼ਰ ਬੁੱਧੀਜੀਵੀਆਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਬੇਰੁਜ਼ਗਾਰੀ ਦੀ ਸਮੱਸਿਆ ਨਾਲ ਨਿਪਟਣ ਲਈ ਜਿਹੜੀ ਤਿੰਨ ਨੁਕਾਤੀ ਰਣਨੀਤੀ ਸੁਝਾਈ ਜਿਸ ਅਨੁਸਾਰ ਖੇਤੀਬਾੜੀ ਸਮੇਤ ਸਾਰੇ ਖੇਤਰਾਂ ਵਿਚ ਉਤਪਾਦਕ ਰੁਜ਼ਗਾਰ ਦੇ ਮੌਕੇ ਵਧਾਉਣ, ਸਿਖਲਾਈ ਨਾਲ ਸਵੈ-ਰੁਜ਼ਗਾਰ ਯੋਗਤਾ ਪੈਦਾ ਕਰਨੀ ਤੇ ਗੈਰ ਸੰਗਠਿਤ ਖੇਤਰ ਲਈ ਸਮਾਜਿਕ ਸੁਰਖਿਆ ਸਕੀਮਾਂ ਨੂੰ ਮਜਬੂਤ ਕੀਤਾ ਜਾਵੇਗਾ। ਇਸ ਲਈ ਉਤਪਾਦਨ ਤੇ ਖੇਤੀ ਖੇਤਰ ਵਿਚ ਮੁਨਾਫ਼ੇ ਉਪਰ ਜ਼ੋਰ ਦਿਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਲਈ ਦੂਜੇ ਹਰੇ ਇਨਕਲਾਬ' ਦੀ ਲੋੜ ਹੈ ਤੇ ਸਰਕਾਰ ਨੇ ਇਸ ਦਿਸ਼ਾ ਵਿਚ ਬਹੁਤ ਸਾਰੇ ਕਦਮ ਉਠਾਏ ਹਨ। ਅਗਲੇ ਸਾਲਾਂ ਵਿਚ ਇਨ੍ਹਾਂ ਪ੍ਰੋਗਰਾਮਾਂ ਦਾ ਵਿਸਤਾਰ ਉਨ੍ਹਾਂ ਦਾ ਟੀਚਾ ਹੋਵੇਗਾ"

ਪ੍ਰਧਾਨ ਮੰਤਰੀ ਦੇ ਇਸ ਬਿਆਨ ਤੋਂ ਜ਼ਾਹਿਰ ਹੈ ਕਿ ਚੋਣਾਂ ਦੇ ਬਾਅਦ ਪ੍ਰਧਾਨ ਮੰਤਰੀ, ਉਨ੍ਹਾਂ ਦੇ ਜੋਟੀਦਾਰ, ਅਤੇ ਉਨ੍ਹਾਂ ਦੀ ਸਰਕਾਰ ਹਰ ਲੋਕ ਵਿਰੋਧੀ ਨੀਤੀ ਅਤੇ ਕਦਮ ਨੂੰ ਸੁਧਾਰ ਤੇ ਤੌਰ ਪੇਸ਼ ਕਰਨਗੇ ਅਤੇ ਇਹ ਕਹਿ ਕੇ ਜਾਇਜ਼ ਕਰਾਰ ਦੇਣਗੇ ਕਿ ਉਨ੍ਹਾਂ ਨੂੰ ਚੋਣਾਂ ਰਾਹੀਂ ਲੋਕ ਫਤਵਾ ਮਿਲਿਆ ਹੈ ਅਤੇ ਉਹ ਜੋ ਚਾਹੁਣ ਕਰ ਸਕਦੇ ਹਨ। ਉਨ੍ਹਾਂ ਦੇ ਬਿਆਨ ਤੋਂ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਦਾ ਅਜੰਡਾ ਸਾਫ ਨਜ਼ਰ ਆਉਂਦਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਵਿਕਾਸ ਲਈ ਉਤਪਾਦਨ ਅਤੇ ਖੇਤੀ ਖੇਤਰ ਵਿਚ ਮੁਨਾਫ਼ੇ ਉਪਰ ਜ਼ੋਰ ਦਿਤਾ ਜਾਵੇਗਾ। ਉਤਪਾਦਨ ਅਤੇ ਖੇਤੀ ਵਿਚ ਮੁਨਾਫ਼ੇ ਉਤੇ ਜ਼ੋਰ ਹਾਕਮ ਜਮਾਤਾਂ ਦਾ ਅਜੰਡਾ ਹੈ। ਆਮ ਲੋਕਾਂ, ਮਜ਼ਦੂਰਾਂ, ਛੋਟੇ ਕਿਸਾਨਾਂ, ਕਰਮਚਾਰੀਆਂ, ਬੁੱਧੀਜੀਵੀਆਂ, ਖੇਤ ਮਜ਼ਦੂਰਾਂ, ਕਬਾਇਲੀ ਲੋਕਾਂ ਅਤੇ ਹੋਰ ਮਿਹਨਤਕਸ਼ਾਂ ਦਾ ਇਹ ਅਜੰਡਾ ਨਹੀਂ। ਇਨ੍ਹਾਂ ਸਾਰੇ ਲੋਕਾਂ ਦੀ ਮੰਗ ਹੈ ਕਿ ਸਿਹਤ, ਤਾਲੀਮ, ਰੁਜ਼ਗਾਰ ਅਤੇ ਇੱਜ਼ਤ-ਮਾਣ ਨਾਲ ਜੀਣ ਹੱਕ ਹਾਸਲ ਹੋਵੇ ਜਿਨ੍ਹਾਂ ਤੋਂ ਉਨ੍ਹਾਂ ਨੂੰ ਵਾਂਝੇ ਰਖਿਆ ਗਿਆ ਹੈ। ਲੇਕਿਨ ਪ੍ਰਧਾਨ ਮੰਤਰੀ ਦਾ ਬਿਆਨ ਦੱਸਦਾ ਹੈ ਕਿ ਚੋਣਾਂ ਦੇ ਬਾਅਦ ਵੀ ਇਨ੍ਹਾਂ ਦੀ ਹਾਲਤ ਵਿਚ ਕੋਈ ਫ਼ਰਕ ਨਹੀਂ ਪੈਣ ਵਾਲਾ ਤੇ ਇਨ੍ਹਾਂ ਨਾਲ ਇੰਜ ਹੀ ਹੁੰਦਾ ਰਹੇਗਾ। ਹਾਕਮ ਜਮਾਤਾਂ ਦੇ ਅਜੰਡੇ ਨੂੰ ਦੇਸ਼ ਦੇ ਵਿਕਾਸ ਲਈ ਜ਼ਰੂਰੀ ਕਹਿਕੇ ਲੋਕਾਂ ਨੂੰ ਗੁਮਰਾਹ ਕਰਨ ਲਈ ਉਹ ਕਈ ਪਖੰਡ ਕਰ ਰਹੇ ਹਨ। ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਵੱਲ ਤੁਰਨ ਦੀ ਬਜਾਏ ਹਿੰਦੁਸਤਾਨ ਦੀ ਸਰਕਾਰ ਅਤੇ ਰਾਜ ਤੰਤ੍ਰ ੧੯੪੭ ਤੋਂ ਹੀ ਹਾਕਮ ਜਮਾਤਾਂ ਦੇ ਮੁਨਾਫ਼ਿਆਂ ਤੇ ਜ਼ੋਰ ਦਿੰਦੇ ਆ ਰਹੇ ਹਨ ਭਾਵੇਂ ਕੋਈ ਭੀ ਪਾਰਟੀ ਤਾਕਤ ਵਿਚ ਰਹੀ ਹੋਵੇ।

ਅੱਗੋਂ ਵੀ ਮਜ਼ਦੂਰ ਕਿਸਾਨਾਂ ਦੇ ਨਾਲ ਨਾਲ ਛੋਟੇ ਵਪਾਰੀਆਂ ਤੇ ਹੋਰ ਨਿਕੇ ਕਾਰੋਬਾਰਾਂ ਦੀ ਬਰਬਾਦੀ ਹੋਰ ਤੇਜ਼ ਹੋਵੇਗੀ ਕਿਉਂਕਿ ਸਰਕਾਰ ਦੀਆਂ ਸਾਰੀਆਂ ਹੀ ਆਰਥਕ ਨੀਤੀਆਂ ਵੱਡੇ ਸਰਮਾਏਦਾਰਾਂ ਅਤੇ ਜ਼ਮੀਂਦਾਰਾਂ ਦੇ ਮੁਨਾਫ਼ਿਆਂ ਤੇ ਜ਼ੋਰ ਦੇਣਗੀਆਂ ਤੇ ਨਿਕਿਆਂ ਦਾ ਕਚੂਮਰ ਨਿਕਲੇਗਾ। `ਦੂਜਾ ਹਰਾ ਇਨਕਲਾਬ` ਜਿਸ ਦੀ ਗੱਲ ਪ੍ਰਧਾਨ ਮੰਤਰੀ ਕਰ ਰਹੇ ਹਨ ਉਹ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਬਰਬਾਦੀ ਦਾ ਇਨਕਲਾਬ ਹੈ ਕਿਉਂਕਿ ਇਹਦਾ ਮੰਤਵ ਅਮੀਰਾਂ ਦੀਆਂ ਜੇਬਾਂ ਭਰਨਾ ਅਤੇ ਉਨ੍ਹਾਂ ਦੇ ਮੁਨਾਫ਼ਿਆਂ ਤੇ ਜ਼ੋਰ ਦੇਣਾ ਹੈ। ਛੋਟੇ ਕਿਸਾਨ ਅਤੇ ਛੋਟੇ ਵਪਾਰੀ ਮੁਨਾਫ਼ੇ ਕਮਾ ਹੀ ਨਹੀਂ ਸਕਦੇ ਕਿਉਂਕਿ ਕਿਸਾਨਾਂ ਨੂੰ ਮਿਲ ਰਹੀ ਫਸਲਾਂ ਦੀ ਕੀਮਤ ਤੋਂ ਜ਼ਿਆਦਾ ਉਨ੍ਹਾਂ ਦੀ ਲਾਗਤ ਹੈ ਤੇ ਹੋਰ ਵੀ ਜ਼ਿਆਦਾ ਹੋਵੇਗੀ। ਉਹ ਮੰਡੀ ਵਿਚ ਵੱਡੇ ਜ਼ਮੀਦਾਰਾਂ ਦਾ ਮੁਕਾਬਲਾ ਕਰ ਹੀ ਨਹੀਂ ਸਕਦੇ। ਇਸ ਕਰਕੇ ਕਿਸਾਨਾਂ ਦਾ ਹਾਲ ਕਰਜ਼ੇ ਅਤੇ ਬਰਬਾਦੀ ਵਿਚ ਰੁਲਣਾ ਹੀ ਹੋਵੇਗਾ। ਇਹੋ ਹਾਲ ਛੋਟੇ ਵਪਾਰੀਆਂ ਅਤੇ ਸਨਅਤਕਾਰਾਂ ਦਾ ਵੀ ਹੋਵੇਗਾ ਕਿਉਂਕਿ ਉਹ ਵੀ ਮੰਡੀ ਵਿਚ ਵੱਡੇ ਸਨਅਤਕਾਰਾਂ ਅਤੇ ਵਪਾਰੀਆਂ ਨਾਲ ਮੁਕਾਬਲਾ ਨਹੀਂ ਕਰ ਸਕਦੇ। ਸਰਕਾਰ ਦੀਆਂ ਸਾਰੀਆਂ ਹੀ ਨੀਤੀਆਂ ਉਨ੍ਹਾਂ ਦੇ ਖਿਲਾਫ਼ ਹਨ। ਵੱਡੇ ਸਰਮਾਏਦਾਰਾਂ ਨੂੰ ਹਜ਼ਾਰਾਂ ਤਰਾਂ ਦੀਆਂ ਰਿਆਇਤਾਂ ਦਿਤੀਆਂ ਜਾਂਦੀਆਂ ਹਨ ਅਤੇ ਸਮਾਜ ਦੇ ਸਾਰੇ ਸਾਧਨ ਉਨ੍ਹਾਂ ਦੇ ਹਵਾਲੇ ਕਰ ਦਿਤੇ ਗਏ ਹਨ ਅਤੇ ਪ੍ਰਧਾਨ ਮੰਤਰੀ ਦਾ ਬਿਆਨ ਦੱਸਦਾ ਹੈ ਕਿ ਇਹ ਪਰਨਾਲਾ ਇੰਜ ਹੀ ਵਗੇਗਾ। ਉਹ ਕਹਿੰਦੇ ਹਨ ਕਿ ਸਰਕਾਰ ਨੇ ਇਸ ਦਿਸ਼ਾ ਵਿਚ ਬਹੁਤ ਸਾਰੇ ਕਦਮ ਉਠਾਏ ਹਨ ਅਤੇ ਅਗਲੇ ਸਾਲਾਂ ਵਿਚ ਇਨ੍ਹਾਂ ਪ੍ਰੋਗਰਾਮਾਂ ਵਿਚ ਵਿਸਤਾਰ ਉਨ੍ਹਾਂ ਦਾ ਟੀਚਾ ਹੋਵੇਗਾ। ਉਹ ਕਿਹੜੇ ਕਦਮ ਹਨ ਤੇ ਕਿਹੜੇ ਆਮ ਲੋਕਾਂ ਨੂੰ ਇਨ੍ਹਾਂ ਦਾ ਲਾਭ ਹੋਇਆ ਹੈ, ਕਿਤੇ ਨਜ਼ਰ ਨਹੀਂ ਆਉਂਦਾ। ਲੋਕਾਂ ਦੇ ਰੁਜ਼ਗਾਰ ਬਾਰੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਸਾਰੀ ਦੁਨੀਆ ਵਿਚ ਘਟ ਰਿਹਾ ਹੈ। ਇਹਦਾ ਮਤਲਬ ਇਹ ਕਹਿਣਾਂ ਹੈ ਕਿ ਸਰਕਾਰ ਦਾ ਕੋਈ ਕਸੂਰ ਜਾਂ ਜਿਮੇਂਵਾਰੀ ਨਹੀਂ ਬਣਦੀ ਕਿਉਂਕਿ ਰੁਜ਼ਗਾਰ ਸਾਰੀ ਦੁਨੀਆ ਵਿਚ ਹੀ ਘਟ ਰਿਹਾ ਹੈ। ਸੋ ਲਗਦਾ ਹੈ ਕਿ ਹਕੂਮਤ ਦਾ ਸਾਰਾ ਜ਼ੋਰ ਤਾਂ ਅਮੀਰਾਂ ਦੇ ਮੁਨਾਫ਼ੇ ਵਧਾਉਣ ਉਪਰ ਹੀ ਲੱਗੇਗਾ।

ਕਾਂਗਰਸ ਪਾਰਟੀ ਵੀ ਇਹੋ ਕੁਝ ਹੀ ਕਰਦੀ ਆਈ ਹੈ ਅਤੇ ਕਾਂਗਰਸ ਆਗੂਆਂ ਦੇ ਹੁਣ ਦੇ ਬਿਆਨਾਂ ਤੋ ਭੀ ਜ਼ਾਹਿਰ ਹੈ ਕਿ ਜੇ ਉਹ ਜਿੱਤ ਗਏ ਤਾਂ ਅੱਗੋਂ ਵੀ ਉਨ੍ਹਾਂ ਦਾ ਇਹ ਹੀ ਅਜੰਡਾ ਹੋਵੇਗਾ। ਉਹ ਭੀ ਉਤਪਾਦਨ ਅਤੇ ਖੇਤੀ ਵਿਚ ਮੁਨਾਫ਼ੇ ਉਪਰ ਜ਼ੋਰ ਦੀ ਗੱਲ ਕਰ ਰਹੇ ਹਨ ਅਤੇ ਕਰਦੇ ਆਏ ਹਨ। ਸੀ.ਪੀ.ਐਮ. ਅਤੇ ਤੀਜੇ ਫਰੰਟ ਕੋਲੋਂ ਵੀ ਕੋਈ ਹੋਰ ਤਰ੍ਹਾਂ ਦੀ ਆਸ ਰੱਖਣੀ ਫ਼ਜ਼ੂਲ ਹੈ।

ਹਾਕਮ ਜਮਾਤਾਂ ਦੇ ਇਸ ਸਮਾਜ ਵਿਰੋਧੀ ਹਮਲੇ ਖ਼ਿਲਾਫ਼ ਲੋਕਾਂ ਨੂੰ ਆਪਣੇ ਸਾਰੇ ਸਿਆਸੀ, ਧਾਰਮਿਕ ਅਤੇ ਵਿਚਾਰਧਾਰਕ ਮਤਭੇਦ ਛੱਡ ਕੇ ਇਕਮੁੱਠ ਹੋਕੇ ਨਵੀਂ ਉਸਾਰੀ ਅਤੇ ਇਕ ਨਵੀਂ ਸਿਆਸੀ ਪ੍ਰਣਾਲੀ ਲਈ ਜੱਦੋ-ਜਹਿਦ ਤੇਜ਼ ਕਰਨ ਦੀ ਲੋੜ ਹੈ। ਮੌਜੂਦਾ  ਸਿਆਸੀ ਪ੍ਰਣਾਲੀ ਵਿਚ ਉਹਨਾਂ ਦੀਆਂ ਲੋੜਾਂ ਅਤੇ ਹੱਕਾਂ ਵੱਲ ਸਰਕਾਰ ਨੇ ਕੋਈ ਜ਼ੋਰ ਨਹੀਂ ਦੇਣਾ। ਪ੍ਰਧਾਨ ਮੰਤਰੀ ਨੇ ਇਹ ਸ਼ਰੇਆਮ ਐਲਾਨ ਕਰ ਦਿਤਾ ਹੈ ਕਿ ਚੋਣਾਂ ਬਾਦ ਲੋਕਾਂ ਦੇ ਮਸਲਿਆਂ ਵੱਲ ਕੋਈ ਧਿਆਨ ਨਹੀਂ ਦਿਤਾ ਜਾਏਗਾ।ਇਨ੍ਹਾਂ ਚੋਣਾਂ ਵਿਚ ਲੋਕਾਂ ਨੂੰ  ਆਪਣੇ ਉਮੀਦਵਾਰ ਖੜ੍ਹੇ ਕਰਕੇ ਆਪਣੇ ਮਸਲਿਆਂ ਦੇ ਹੱਲ ਲਈ ਲੋਕਾਂ ਵਿਚ ਜਾਗਰਤੀ ਲਿਆ ਕੇ ਉਨ੍ਹਾਂ ਨੂੰ ਲਾਮਬੰਦ ਕਰਨ ਦੀ ਲੋੜ ਹੈ। ਰੁਜ਼ਗਾਰ, ਸਿਹਤ, ਤਾਲੀਮ ਅਤੇ ਹੋਰ ਮਸਲਿਆਂ ਦਾ ਹੱਲ ਸਿਰਫ਼ ਲੋਕ ਆਪਣੇ ਆਪ ਹੀ ਕਰ ਸਕਦੇ ਹਨ। ਇਹ ਮਸਲੇ ਹੱਲ ਕੀਤੇ ਜਾ ਸਕਦੇ ਹਨ ਜੇ ਲੋਕ ਉਠਕੇ ਫ਼ਤਵਾ ਦੇਣ ਕਿ ਪਾਰਟੀ-ਰਾਜ ਖ਼ਤਮ ਕਰਕੇ ਪਰਜਾ ਰਾਜ ਕਾਇਮ ਕਰਨਾ ਹੈ। ਇਸ ਤਰ੍ਹਾਂ ਦਾ ਲੋਕਾਂ ਫਤਵਾ ਹੀ ਲੋਕਾਂ ਦੇ ਹਿਤਾਂ ਵਿਚ ਜਾ ਸਕਦਾ ਹੈ। ਇਸ ਲੋਕ ਫਤਵੇ ਦੀ ਅੱਜ ਲੋੜ ਹੈ।